ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
ਦਫਤਰ ਸਮਗਰਾ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)
ਪੰਜਾਬ ਸਕੂਲ ਸਿੱਖਿਆ ਬੋਰਡ, ਈ-ਬਲਾਕ, ਪੰਜਵੀਂ ਮੰਜਿਲ, ਫੇਜ਼-9,ਐਸ.ਏ.ਐਸ ਨਗਰ
Email-hrpunjab@punjabeducation.gov.in

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ. ਅਤੇ ਐ.ਸਿ.)
ਸਮੂਹ ਪ੍ਰਿੰਸੀਪਲ ਡਾਇਟ,
ਸਮੂਹ ਸਕੂਲ ਮੁੱਖੀ (ਵੈੱਬਸਾਈਟ ਰਾਹੀਂ)

ਮੀਮੋ ਨੰ. e-430481/SCERT, QP/UP/2022- 333515
ਮਿਤੀ: ਐੱਸ.ਏ.ਐੱਸ. ਨਗਰ, 20-12-2022

**ਵਿਸ਼ਾ: ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਦੇ ਸੰਬੰਧ ਵਿਚ ਸਕੂਲਾਂ ਵਿੱਚ quiz ਕਰਵਾਉਣ ਸਬੰਧੀ।**

1.0. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0. ਸਕੂਲ ਸਿੱਖਿਆ ਵਿਭਾਗ ਵੱਲੋਂ ਮਿਤੀ 23-12-2022 ਨੂੰ ਰਾਜ ਦੇ ਸਮੂਹ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਛੋਟੇ ਸਾਹਿਬਜ਼ਾਦਿਆਂ ਬਾਬਾ ਫ਼ਤਿਹ ਸਿੰਘ ਜੀ ਅਤੇ ਬਾਬਾ ਜ਼ੋਰਾਵਰ ਸਿੰਘ ਜੀ ਦੇ ਸ਼ਹੀਦੀ ਦਿਵਸ ਬਾਰੇ ਜਾਗਰੂਕ ਕਰਨ ਲਈ ਸਕੂਲਾਂ ਵਿੱਚ quiz ਕਰਵਾਇਆ ਜਾ ਰਿਹਾ ਹੈ।

3.0. ਇਹ quiz ਛੋਟੇ ਸਾਹਿਬਜ਼ਾਦਿਆਂ ਦੀ ਲਸਾਣੀ ਸ਼ਹਾਦਤ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਸਕੂਲ ਪੱਧਰ ਤੇ ਆਫ਼ ਲਾਈਨ(Offline) ਕਰਵਾਇਆ ਜਾਣਾ ਹੈ।

4.0. ਇਸ quiz ਵਿੱਚ ਛੋਟੇ ਸਾਹਿਬਜ਼ਾਦਿਆਂ ਦੀ ਜੀਵਨੀ ਬਾਰੇ 20 ਪ੍ਰਸ਼ਨ ਪੁੱਛੇ ਜਾਣ।

5.0. ਇਹ quiz ਸਕੂਲ ਮੁੱਖੀ ਦੀ ਦੇਖ-ਰੇਖ ਵਿੱਚ ਕਰਵਾਇਆ ਜਾਵੇ। ਜਿਸ ਲਈ ਪ੍ਰਸ਼ੋਨਤਰੀ ਸਕੂਲ ਮੁੱਖੀ ਆਪਣੇ ਪੱਧਰ ਤੇ ਤਿਆਰ ਕਰਵਾਉਣਗੇ।

6.0. Offline quiz ਮਿਤੀ 23.12.2022 ਨੂੰ ਸਮੂਹ ਸਕੂਲਾਂ ਵਿਚ 1.30 pm ਤੋਂ 3.00 pm (ਸੁਝਾਵਿਤ ਸਮਾਂ) ਵਿੱਚ ਸਕੂਲ ਮੁੱਖੀ ਦੀ ਦੇਖ-ਰੇਖ ਵਿਚ ਕਰਵਾਇਆ ਜਾਵੇਗਾ ਜਿਸ ਵਿੱਚ ਸਕੂਲਾਂ ਵਿੱਚ ਪੜ੍ਹਦੇ ਸਾਰੇ ਵਿਦਿਆਰਥੀ ਭਾਗ ਲੈ ਸਕਦੇ ਹਨ। ਜੇਕਰ ਸਿੱਖਿਆ ਵਿਭਾਗ ਦੁਆਰਾ ਸਕੂਲ ਦੀ ਸਮਾਂ ਸਾਰਣੀ ਵਿੱਚ ਤਬਦੀਲੀ ਹੁੰਦੀ ਹੈ ਤਾਂ ਸਕੂਲ ਮੁੱਖੀ ਇਹ ਕੁਇਜ਼ ਕਰਵਾਉਣ ਲਈ ਡੇਢ ਘੰਟੇ ਦਾ ਸਮਾਂ ਆਪਣੇ ਪੱਧਰ ਤੇ ਤਹਿ ਕਰ ਸਕਦਾ ਹੈ।

7.0. ਸਕੂਲ ਮੁੱਖੀ ਸਭ ਤੋਂ ਜਿਆਦਾ ਸਹੀ ਉੱਤਰ ਦੇਣ ਵਾਲੇ ਵਿਦਿਆਰਥੀਆਂ ਨੂੰ ਕੋਈ ਇਨਾਮ ਜਿਵੇਂ ਕਾਪੀ, ਪੈੱਨ ਆਦਿ ਦੇ ਕੇ ਉਤਸ਼ਾਹਿਤ ਕਰ ਸਕਦੇ ਹਨ।

8.0. ਸਕੂਲ ਮੁੱਖੀ quiz ਕਰਵਾਉਣ ਦੀਆਂ pictures ਅਤੇ ਜੇਤੂ ਵਿਦਿਆਰਥੀਆਂ ਦਾ ਰਿਕਾਰਡ ਸਕੂਲ ਪੱਧਰ ਤੇ ਰੱਖਣਗੇ।

9.0. ਇਸ quiz ਨੂੰ ਕਰਵਾਉਣ ਤੋਂ ਪਹਿਲਾ ਵਿਦਿਆਰਥੀਆਂ ਨੂੰ ਇਸ ਬਾਰੇ ਇੱਕ ਜਾਂ ਦੋ ਦਿਨ ਪਹਿਲਾ ਸਵੇਰ ਦੀ ਸਭਾ ਵਿੱਚ ਦੱਸਿਆ ਜਾਵੇ ਤਾਂ ਜੋ ਵਿਦਿਆਰਥੀ ਇਸ ਦੀ ਅਗਾਊਂ ਤਿਆਰੀ ਕਰ ਸਕਣ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।

**ਵਰਿੰਦਰ ਕੁਮਾਰ ਸ਼ਰਮਾ (ਆਈ.ਏ.ਐਸ)**
**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।**

ਪਿੱਠ ਅੰਕਣ ਨੰ. ਉਕਤ

ਮਿਤੀ: 20-12-2022

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ. ਟੂ ਮਾਣਯੋਗ ਸਿੱਖਿਆ ਮੰਤਰੀ ਜੀ।
2. ਪੀ.ਏ. ਟੂ ਮਾਣਯੋਗ ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ ਵਿਭਾਗ ਪੰਜਾਬ।
3. ਪੀ.ਏ. ਟੂ ਮਾਣਯੋਗ ਵਿਸ਼ੇਸ਼ ਸਕੱਤਰ, ਸਕੂਲ ਸਿੱਖਿਆ ਵਿਭਾਗ ਪੰਜਾਬ।
4. ਪੀ.ਏ. ਟੂ ਮਾਣਯੋਗ ਡਾਇਰੈਕਟਰ ਜਨਰਲ, ਸਕੂਲ ਸਿੱਖਿਆ ਪੰਜਾਬ।
5. ਪੀ.ਏ. ਟੂ ਡਾਇਰੈਕਟਰ ਸਕੂਲ ਸਿੱਖਿਆ(ਸੈ.ਸਿ) ਪੰਜਾਬ।
6. ਪੀ.ਏ. ਟੂ ਡਾਇਰੈਕਟਰ ਸਕੂਲ ਸਿੱਖਿਆ(ਐ.ਸਿ) ਪੰਜਾਬ।

**ਡਾਇਰੈਕਟਰ ਐਸ.ਸੀ.ਈ.ਆਰ.ਟੀ**
**ਪੰਜਾਬ।**